
# ਪਾਣੀ ਵਿੱਚ ਪਤਾਸੇ


ਬਾਲ ਗੀਤ

ਲੇਖਕ
ਡਾ. ਜਸਵੰਤ ਸਿੰਘ ਨੇਕੀ

ਚਿਤ੍ਰਕਾਰ
ਸੀ.ਡੀ. ਸਿੰਘ
ਭੀਮਸੇਨ



ਦੀ ਸਿੰਘਾਪੁਰ ਸਿੱਖ ਐਜੂਕੇਸ਼ਨ ਫਾਊਂਡੇਸ਼ਨ
ਅਤੇ
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ



ਪੰਛੀਆਂ ਦੀ ਉਡੀ ਇਕ ਡਾਰ।
ਪਹੁੰਚੀ ਅਸਮਾਨਾਂ ਵਿਚਕਾਰ।

ਇਕ ਪੰਛੀ ਸੀ ਭੁੱਖਾ ਭਾਣਾ,
ਰਹਿ ਗਿਆ ਪਿੱਛੇ ਚੁਗਦਾ ਦਾਣਾ।

ਪਰਤ ਆਈ ਅਸਮਾਨੋਂ ਡਾਰ,
ਲੈ ਗਈ ਉਸ ਨੂੰ ਨਾਲ ਉਡਾਰ।

ਇਕ ਸੀ ਕੁੱਕੜ, ਇਕ ਸੀ ਕੁਕੜੀ।
ਕੁਕੜੀ ਸੀ ਕੁਝ ਸੁਕੜੀ ਸੁਕੜੀ।

ਕੁੱਕੜ ਸੀ ਕੁਝ ਮੋਟਾ ਮੋਟਾ।
ਕੁਕੜੀ ਦਾ ਅੰਡਾ ਸੀ ਛੋਟਾ।


ਕੁੱਕੜ ਵੇਖੇ ਅੰਡੇ ਨੂੰ,
ਨਾਲੇ ਬੋਲੇ 'ਕੁਕੜੂੰ ਘੂੰ'।



ਪਾਣੀ ਵਿਚ ਪਤਾਸੇ-


ਨਿੱਕੇ ਨਿੱਕੇ ਬੋਲ ਅਸਾਡੇ,
ਨੰਨ੍ਹੇ ਨੰਨ੍ਹੇ ਹਾਸੇ ।


ਵੱਡੀਆਂ ਗੱਲਾਂ ਵੱਡੇ ਜਾਣਨ,
ਅਸੀ ਤਾਂ ਰਹੀਏ ਪਾਸੇ ।



ਇਕ ਸਰਵਰ ਪਾਣੀ ਦਾ ਭਰਿਆ ।
ਪਾਣੀ ਤੇ ਇਕ ਪੰਛੀ ਤਰਿਆ।

ਪੰਛੀ, ਪੰਛੀ, ਚੁੰਝ ਡੁਬੋ,
ਮੱਛੀ ਫੜ ਕੇ ਉਡਦਾ ਹੋ!





ਸਾਡੇ ਘਰ ਇਕ ਚੂਹਾ ਆਂਦਾ।
ਕਪੜਾ, ਚਮੜਾ ਸਭ ਟੁੱਕ ਜਾਂਦਾ।
ਬੂਟ ਮੇਰੇ ਵਿਚ ਕਰ ਗਿਆ ਮੋਰੀ।
ਚੁਕ ਚੁਕ ਦਾਣੇ ਲੈ ਗਿਆ ਦੋਰੀ।

ਤਦ ਸਾਡੇ ਇਕ ਬਿੱਲੀ ਆਈ।
ਮੈਂ ਉਨ ਅੱਧੀ ਰੋਟੀ ਪਾਈ।
ਰਾਤੀ ਉਸ ਨੇ ਫੜ ਲਿਆ ਚੂਹਾ,
ਫਿਰ ਉਹ ਟੱਪ ਨ ਸਕਿਆ ਚੂਹਾ।

ਹੱਥਾਂ ਕਦੇ ਨ ਫੜ ਕੇ ਵੇਖੀ,
ਅੱਖਾਂ ਨਹੀਂ ਪਛਾਣੀ।

ਪਰ ਜਦ ਬਿਰਛਾਂ ਵਿਚੋਂ ਲੰਘੀ,
ਕੁਲ ਦੁਨੀਆ ਨੇ ਜਾਣੀ।






ਪੱਤੇ ਕਿਰੇ ਪਈ ਜਦ ਠੰਢ।
ਬਿਰਖ ਵਿਚਾਰੇ ਹੋ ਗਏ ਨੰਗ।

ਠੰਢ ਗਿਆਂ ਪੱਤੇ ਉੱਗ ਪੌਦੇ,
ਬਿਰਖ ਪੁਸ਼ਾਕਾਂ ਪਹਿਨ ਖਲੌਂਦੇ।



ਚੰਨ ਤੋ ਜਣਾ ਹੋਰ ਇਕ ਲੱਭਾ,
ਰਾਹ ਪੁੱਛ ਪਟਿਆਲੇ ਦਾ।

ਅੱਗੇ ਗਿਆ ਤਾਂ ਰਾਹ ਭੁਲ ਗਿਆ,
ਤੇ ਆ ਗਿਆ ਸ਼ਹਿਰ ਅੰਬਾਲੇ ਦਾ।





ਕੀਕਣ ਭੌਂਕ ਰਿਹਾ ਏ ਕੁੱਤਾ?
ਘਰ ਵਿਚ ਕੋਈਂ ਨਹੀ ਅੱਜ ਸੁੱਤਾ।

ਕੁੱਤਿਆ, ਕੁੱਤਿਆ! ਚੁਪ ਕਰ ਜਾ,
ਅਸੀਂਵੀ ਲਈਏ ਅੱਖ ਲਗਾ।

ਠੱਕ, ਠਕਾ ਠੱਕ ਹੋਈ ਬਾਹਰ–
ਕਿਨ ਸਾਡਾ ਖੜਕਾਇਆ ਦਾਰ?


ਸੰਗ ਨ ਯਾਰਾ ਲੰਘਦੀ ਆ,
ਖੁੱਲਾ ਬੂਹਾ ਨ ਖੜਕਾ।



ਰੁਲਦੂ, ਖੁਲਦੂ ਵੱਟੇ ਭਰਾ।
ਕੋਠੇ ਉੱਪਰ ਬੈਠੇ ਜਾ।

ਰੁਲਦੂ ਓਥੋਂ ਤਿਲਕ ਪਿਆ-
ਹੇਠ ਗਲੀ ਵਿਚ ਢੱਠਾ ਆ।

ਸਾਰੇ ਪਿੰਡ ਲਗਾਇਆ ਵਾਹ,
ਰੁਲਦੂ ਨੂੰ ਨਾ ਸਕੇ ਬਚਾ।



ਖੁੱਲਾ ਵੇਖ ਅਸਾਡਾ ਬੂਹਾ,
ਇਕ ਮੋਟਾ ਤੇ ਮਧਰਾ ਚੂਹਾ।

ਅੰਦਰ ਸਾਡੇ ਵੜਿਆ ਆ,
ਭੈਣ ਮੇਰੀ ਨੂੰ ਗਿਆ ਡਰਾ।



ਕਿਹਾ ਗੁਲਾਬ
ਮੋਤੀਏ ਤਾਈਂ:
'ਤੂੰ ਯਾਰਾ
ਅੱਜ ਸਾਡੇ ਆਈ!'
ਕਿਹਾ ਮੋਤੀਏ:
'ਕੀਕਣ ਆਈਏ'? –
ਤੂੰ ਕੰਡਿਆਂ ਦੀ
ਵਾੜ ਲਗਾਈ ਏ।




ਲੰਮ ਸਲੰਮੀ ਸੁੰਡ ਹਾਥੀ ਦੀ,
ਤਿੱਖੇ ਤਿੱਖੇ ਦੰਦ ਹਾਥੀ ਦੇ।

ਪੱਖੇ ਵਰਗੇ ਕੰਨ ਹਾਥੀ ਦੇ।
ਲੱਤਾਂ, ਜੀਕਣ ਥੰਮ ਹਾਥੀ ਦੇ।

ਬੇਰ ਜੇਡੀ ਅੱਖ ਹਾਥੀ ਦੀ।
ਪਰਬਤ ਜੇਡੀ ਦੇਹ ਹਾਥੀ ਦੀ।

ਘਾਸ ਖਾਏ ਇਹ, ਮਾਸ ਨ ਖਾਏ,
ਕਿੱਥੋਂ ਏਨਾ ਮਾਸ ਉਗਾਏ?



ਕਿੱਲੇ ਉੱਤੇ ਬੱਧੀ ਗਾਂ।
ਗਾਂ ਦੀ ਪਿੱਠ ਤੇ ਬੈਠਾ ਕਾਂ।

ਗਾਂ ਦੇ ਮੂੰਹ ਵਿਚ ਸੁੱਕੀ ਰੋਟੀ,
ਕਾਂ ਦੀ ਚੁੰਝ ਮਾਸ ਦੀ ਬੋਟੀ।

ਰੋਟੀ ਖਾ ਕੇ ਪੈ ਗਈ ਗਾਂ।
ਰੋਟੀ ਖਾ ਕੇ ਉੱਡ ਗਿਆ ਕਾਂ।



ਅੰਬ ਦੇ ਰੁਖ ਤੇ ਚੜ੍ਹੀ ਗੁਲਹਿਰੀ,
ਉਪਰੋਂ ਵੇਖੇ ਥੱਲੇ।

ਉਹ ਤਾਂ ਨੱਚੀ ਟਹਿਣੀ ਟਹਿਣੀ,
ਆਪਾਂ ਹੇਠਾਂ ਖੱਲੇ।





ਕਲ ਰਾਤੀ ਅਸ ਲੋਹੜੀ ਬਾਲੀ।
ਫੁੱਲਿਆਂ ਦੀ ਲੈ ਆਏ ਥਾਲੀ।

ਅੱਗ ਵਿਚ ਪਾਏ ਅਸਾਂ ਜਦ ਫੁੱਲੇ-
ਭਾਂਬੜ ਹੋਰ ਉਚੇਰੇ ਹੁੱਲੇ।

ਤਿੰਨ ਰੰਗ ਮੇਰੇ ਸਾਫ਼ੇ ਤੇ,
ਤੇ ਪੰਜ ਰੰਗ ਮੇਰੀ ਚੋਲੀ ਤੇ,
ਸਤ ਰੰਗ ਮੇਰੀ ਚਾਦਰ ਤੇ,
ਇਹ ਸਭ ਰੰਗ ਵਿੱਚ ਹੋਲੀ ਦੇ





ਚੂਹਕੀ ਚਿੜੀ ਸਵੇਰੇ,
ਆ ਕੇ ਸਾਡੇ ਵਿਹੜੇ ।

ਝਾੜ ਅਸਾਂ ਜੋ ਮਾਰੀ,
ਡਰ ਗਈ ਚਿੜੀ ਵਿਚਾਰੀ ।



ਕਲ ਧੋਬੀ ਸਵੇਰ ਆਇਆ,
ਉਸ ਪਿੰਡ ਤੋਂ ਬੁਚਕਾ ਲਾਹਿਆ ।


ਸਭ ਹੋਰ ਤਾਂ ਕਪੜੇ ਸੱਭੇ,
ਇਕ ਸਾਡਾ ਅਸਾਂ ਨ ਲੱਭੇ ।

ਧੋਬੀ ਜੀ ਦੱਸਦਾ, ਮੋਇਆ,
ਉਨ ਆਪ ਸੀ ਬੰਨ੍ਹਿਆ ਹੋਇਆ ।



ਦੋ ਆੜੀ ਜਾ ਚੜ੍ਹੇ ਪਹਾੜੀ,
ਇਕ ਸਾਉਲਾ, ਇਕ ਬੱਗਾ।


ਸਾਉਲਾ ਢੱਠਾ, ਭੱਜ ਗਿਆ ਮੱਥ,
ਬੱਗਾ ਡੁਸਕਣ ਲੱਗਾ।



ਅੱਲੜ ਬੱਲੜ ਬਾਵੇ ਦਾ।
ਬਾਵਾ ਕਣਕ ਲਿਆਵੇ ਗਾ?

ਕੰਮ ਨਿਕੰਮਾ ਕਰਦਾ ਨਾ।
ਪਾਣੀ ਤੁਕ ਤਾਂ ਭਰਦਾ ਨਾ।

ਕੀ ਖੱਟੇ, ਕੀ ਖਾਵੇਗਾ?
ਸਾਮ ਪਿਆਂ ਪਛਤਾਵੇਗਾ।




ਨਦੀ ਕਿਨਾਰੇ ਮੈਂ ਖੜ੍ਹਾ,

ਨਦੀ ਮਚਾਵੇ ਸ਼ੋਰ।

ਨਦੀ ਤਾਂ ਭਾਵੇਂ ਨਿੱਕੜੀ,

ਪਾਣੀ ਜ਼ੋਰੋ ਜ਼ੋਰ।



ਕਿੱਥੇ ਗਿਆ, ਮੇਰਾ ਪਿੱਦੂ ਕਤੂਰਾ, ਕਿੱਥੇ ਗਿਆ?
ਕਿੱਥੇ ਗਿਆ ਦੁਮ-ਛੱਲੋ ਵਾਲਾ?

ਕਿੱਥੇ ਗਿਆ ਕੰਨ ਖੱਲੋ ਵਾਲਾ?
ਕਿੱਥੇ ਗਿਆ, ਜੋ ਰੰਗ ਦਾ ਭੂਰਾ, ਕਿੱਥੇ ਗਿਆ?





ਹਲਕੀ ਹਲਕੀ ਧੁੱਪ ਜਾਂ ਨਿਕਲੀ,
ਫੁੱਲ ਖਿੜੇ ਤੇ ਆ ਗਈ ਤਿਤਲੀ।

ਤਿੱਖੀ ਧੁੱਪ ਵਿਚ ਫੁੱਲ ਕੁਮਲਾਏ,
ਦੱਸੋ ਤਿਤਲੀ ਕਿੱਧਰ ਜਾਏ ?



ਜਗਮਗ ਹਰ ਕੋਠੇ, ਹਰ ਵਿਹੜੇ,
ਹਰ ਬੂਟੇ ਹਰ ਡਾਲੀ ਤੇ ।
ਜਗਮਗ ਹਰ ਬੂਹੇ, ਹਰ ਬਾਰੀ,
ਹਰ ਖਿੜਕੀ, ਹਰ ਜਾਲੀ ਤੇ ।

ਜਗਮਗ ਹਰ ਚੌਂਕੇ, ਹਰ ਚੁੱਲੇ,
ਪੂਜਾ ਦੀ ਹਰ ਥਾਲੀ ਤੇ ।
ਜਗਮਗ ਜਗਮਗ ਚਾਰੇ ਪਾਸੇ,
ਦੀਵੇ ਨੀ ਦੀਵਾਲੀ ਦੇ ।



ਚਿੱਟਾ ਚੰਨ ਤੇ ਪੀਲਾ ਸੂਰਜ,
ਇਕ ਦੂਜੇ ਦੇ ਆੜੀ।

ਇਕ ਛਪਦਾ, ਇਕ ਢੂੰਡਣ ਤੁਰਦਾ,
ਲੁਕਦੇ ਵਾਰੋ ਵਾਰੀ।



PANI WICH PATASE
© *Dr. J.S.Neki*
*1992*

*Artists : C.D.Singh and Bhimsen*

Design :
*Dark Blues Graphics*
*8/3 B, Sector - II, Gole Market*
*New Delhi.*

Published by Bhai Vir Singh Sahitya Sadan, New Delhi. Printed at Bhai Vir Singh Press, Bhai Vir Singh Sahitya Sadan, Bhai Vir Singh Marg, Gole Market, New Delhi 110 001.